**SET-3**

**Series BVM/3**

ਕੋਡ ਨੰ. **222/3/3**

ਰੋਲ ਨੰਬਰ | | | | | | | |

Candidates must write the Code on the title page of the answer-book.

- ਕਿਰਪਾ ਕਰਕੇ ਨਿਰੀਖਣ ਕਰੋ ਲਵੋ ਕਿ ਇਸ ਪ੍ਰਸ਼ਨ ਪੱਤਰ ਤੇ ਛਪੇ ਹੋਏ **9** ਪੰਨੇ **+ 1** ਮਾਨਚਿੱਤਰ ਹਨ ।
- ਪ੍ਰਸ਼ਨ ਪੱਤਰ ਦੇ ਉੱਪਰ ਸੱਜੇ ਹੱਥ ਦਿੱਤੇ ਗਏ ਕੋਡ ਨੰ. ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਤੇ ਜ਼ਰੂਰ ਲਿੱਖਣ ।
- ਕਿਰਪਾ ਕਰਕੇ ਦੇਖ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **16** ਪ੍ਰਸ਼ਨ ਹਨ ।
- **ਕਿਰਪਾ ਕਰਕੇ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
- ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀ ਲਿਖਣਗੇ ।
- Please check that this question paper contains **9** printed pages **+ 1** Map.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਇਤਿਹਾਸ

## (ਪੰਜਾਬੀ ਉਲਥਾ)

# HISTORY

## (Punjabi Version)

*ਸਮਾਂ ਸੀਮਾਂ : 3 ਘੰਟੇ* | *ਪੂਰਨ ਅੰਕ : 80*

*Time allowed : 3 hours* | *Maximum Marks : 80*

*ਵਿਆਪਕ ਨਿਰਦੇਸ਼ :*

*(i)* ***ਸਾਰੇ** ਪ੍ਰਸ਼ਨਾਂ ਦੇ ਉੱਤਰ ਦਿਉ । ਕੁਝ ਪ੍ਰਸ਼ਨਾਂ ਲਈ ਅੰਦਰੂਨੀ ਵਿਕਲਪ ਦਿੱਤੇ ਗਏ ਹਨ । ਹਰ ਇਕ ਪ੍ਰਸ਼ਨ ਦੇ ਅੰਕ ਉਸਦੇ ਸਾਮ੍ਹਣੇ ਅੰਕਿਤ ਹਨ ।*

*(ii)* *ਪ੍ਰਸ਼ਨ ਸੰਖਿਆ **1** ਤੋਂ **3** **ਦੋ** ਅੰਕ ਵਾਲੇ ਹਨ, ਹਰ ਇਕ ਪ੍ਰਸ਼ਨ ਦਾ ਉੱਤਰ **30** ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(iii)* *ਪ੍ਰਸ਼ਨ ਸੰਖਿਆ **4** ਤੋਂ **9** **ਚਾਰ** ਅੰਕ ਵਾਲੇ ਹਨ, ਹਰ ਇਕ ਪ੍ਰਸ਼ਨ ਦਾ ਉੱਤਰ **100** ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(iv)* *ਪ੍ਰਸ਼ਨ ਸੰਖਿਆ **10** ਤੋਂ **12** **ਅੱਠ** ਅੰਕ ਵਾਲੇ ਹਨ, ਇਨ੍ਹਾਂ ਹਰ ਇਕ ਪ੍ਰਸ਼ਨ ਦਾ ਉੱਤਰ **350** ਸ਼ਬਦਾਂ ਤੋਂ ਵਧੀਕ ਨਹੀਂ ਹੋਣਾ ਚਾਹੀਦਾ ਹੈ ।*

*(v)* *ਪ੍ਰਸ਼ਨ ਸੰਖਿਆ **13** ਤੋਂ **15** ਸਰੋਤਾਂ ਤੇ ਆਧਾਰਿਤ ਪ੍ਰਸ਼ਨ ਹਨ ।*

*(vi)* *ਪ੍ਰਸ਼ਨ ਸੰਖਿਆ **16** ਮਾਨ ਚਿੱਤਰ ਸੰਬੰਧੀ ਹੈ, ਇਸ ਵਿਚ ਲੱਛਣਾਂ ਨੂੰ ਪਹਿਚਾਨਣਾ ਅਤੇ ਮਹਤਵਪੂਰਣ ਮਦਾਂ ਨੂੰ ਦਰਸਾਣਾ ਸ਼ਾਮਿਲ ਹੈ । ਮਾਨ ਚਿੱਤਰ ਨੂੰ ਉੱਤਰ ਪੁਸਤਕ ਦੇ ਅੰਦਰ ਨੱਥੀ ਕਰੋ ।*

## ਖੰਡ A

**(ਬਹੁਤ ਛੋਟੇ ਉੱਤਰ ਵਾਲੇ ਪ੍ਰਸ਼ਨ)** *2×3=6*

**1.** ਸਪਸ਼ਟ ਕਰੋ ਕਿ ਮਹਾਭਾਰਤ ਦੇ ਸਮਾਲੋਚਨਾਤਮਕ ਸੰਸਕਰਨ ਨੂੰ ਕਿਵੇਂ ਤਿਆਰ ਕੀਤਾ ਗਿਆ ਸੀ ? *2*

**2.** ‘‘ਮੁਗਲ ਪਰਿਵਾਰ ਵਿਚ ਬੇਗਮਾਂ (ਪਤਨੀਆਂ) ਦੇ ਦਰਮਿਆਨ ਫਰਕ ਰਖਿਆ ਜਾਂਦਾ ਸੀ ।’’ ਕਥਨ ਦੇ ਕਿਸੇ ਦੋ ਪੈਹਲੂਆਂ ਨੂੰ ਸਪਸ਼ਟ ਕਰੋ । *2*

3. ਕੇਬਿਨੇਟ ਮਿਸ਼ਨ ਪਲਾਨ ਦੇ ਕਿਸੇ ਦੋ ਨਤੀਜਿਆਂ ਦਾ ਵਰਣਨ ਕਰੋ । *2*

**ਜਾਂ**

1946 ਵਿਚ ਹੋਏ ਪ੍ਰਦੇਸ਼ਕ ਚੁਣਾਵਾਂ ਦੇ ਕਿਸੇ ਦੋ ਨਤੀਜਿਆਂ ਦਾ ਵਰਣਨ ਕਰੋ । *2*

## ਖੰਡ B

### (ਛੋਟੇ ਉੱਤਰ ਵਾਲੇ ਪ੍ਰਸ਼ਨ) *4×6=24*

4. ਹੜੱਪਾ ਦੀ ਘਰਾਂ ਦੀ ਭਵਨ ਨਿਰਮਾਣ ਕਲਾ ਦੀਆਂ ਖਾਸ਼ ਵਿਸ਼ੇਸ਼ਤਾਵਾ ਦਾ ਵਿਸ਼ਲੇਸ਼ਣ ਕਰੋ । *4*

5. ਬਸਤੀਵਾਦੀ ਭਾਰਤ ਵਿਚ ਸਮਾਜਕ ਬਦਲਾਵ ਅਸਾਨੀ ਨਾਲ ਕਿਉਂ ਨਹੀਂ ਆ ਸਕੇ ? ਵਿਆਖਿਆ ਕਰੋ । *4*

6. ''ਕਲਾ, ਸਾਹਿਤ ਅਤੇ ਕਾਲਪਨਿਕ ਚਿੱਤਰਾ ਨੇ 1857 ਦੀ ਯਾਦ ਨੂੰ ਜਿੰਦਾ ਰੱਖਣ ਵਿਚ ਹਿੱਸਾ ਪਾਇਆ ਹੈ ।'' ਕਥਨ ਨੂੰ ਭਾਰਤੀ ਰਾਸ਼ਟਰਵਾਦ ਦੇ ਸੰਦਰਭ ਵਿਚ ਉਚਿੱਤ ਠਹਿਰਾਓ । *4*

**ਜਾਂ**

''ਅਵਧ ਵਿਚ 1857 ਦਾ ਵਿਦਰੋਹ ਇਕ ਵਿਦੇਸ਼ੀ ਸ਼ਾਸਨ ਦੇ ਖਿਲਾਫ ਲੋਕਾਂ ਦੇ ਅਵਰੋਧ ਦਾ ਪ੍ਰਗਟਾਵਾ ਬਣ ਗਿਆ ਸੀ ।'' ਇਸ ਕਥਨ ਨੂੰ ਅਵਧ ਦੇ ਤਾਲੁਕੇਦਾਰਾਂ ਅਤੇ ਕਿਸਾਨਾਂ ਦੇ ਸੰਦਰਭ ਵਿਚ ਉੱਚਿਤ ਠਹਿਰਾਓ । *4*

7. ''ਵਿਜੈਨਗਰ ਦੇ ਰਾਜਸੀ ਕੇਂਦਰ ਦੀ ਇਕ ਵਖਰੀ ਰੂਪ–ਰੇਖਾ ਸੀ ।'' ਸ਼ਬਦ ਦੇ ਕੇ ਇਸ ਕਥਨ ਦੀ ਪ੍ਰੋੜਤਾ ਕਰੋ । *4*

8. ਛੇਵੀਂ ਤੋਂ ਚੌਥੀ ਸ਼ਤਾਬਦੀ ਈ.ਪੂ. ਦੇ ਦਰਮਿਆਨ ਮਗਧ ਸਭ ਤੋਂ ਸ਼ਕਤੀਵਾਦੀ ਮਹਾਂਜਨਪਦ ਕਿਵੇਂ ਬਣਿਆ ? ਵਿਆਖਿਆ ਕਰੋ । *4*

9. ਭਾਰਤੀ ਸੰਚਾਰ ਪ੍ਰਣਾਲੀ ਦੇ ਸੰਬੰਧ ਵਿਚ ਇੱਬਨ ਬਤੂਤਾ ਦੇ ਵਿਵਰਨ ਦਾ ਬਿਓਰਾ ਲਿੱਖੋ । 4

**ਜਾਂ**

ਭਾਰਤ ਦੀ ਜਾਤੀ ਵਿਵਸਥਾ ਦੇ ਸੰਬੰਧ ਵਿਚ ਅਲ–ਬਿਰੂਨੀ ਦੇ ਵਿਵਰਨ ਦਾ ਬਿਓਰਾ ਲਿੱਖੋ । 4

## ਖੰਡ C

## (ਲੰਬੇ ਉੱਤਰ ਵਾਲੇ ਪ੍ਰਸ਼ਨ) *8×3=24*

10. ''ਬਹੁਤ ਸਾਰੇ ਵਿਦਵਾਨਾਂ ਨੇ ਅਜ਼ਾਦੀ ਤੋਂ ਮਗਰੋਂ ਦੇ ਮਹੀਨਿਆਂ ਨੂੰ ਗਾਂਧੀਜੀ ਦੇ ਜੀਵਨ ਦਾ ਸਭ ਤੋਂ ਵਧੀਆ ਸਮਾਂ ਕਿਹਾ ਹੈ ।'' ਇਸ ਕਥਨ ਦਾ ਵਿਸ਼ਲੇਸ਼ਣ ਕਰੋ । 8

**ਜਾਂ**

ਭਾਰਤੀ ਰਾਸ਼ਟਰੀ ਅੰਦੋਲਨ ਵਿਚ 'ਨਮਕ ਸਤਿਆਗਰਹਿ' ਦੇ ਮਹਤੱਵ ਦਾ ਵਿਸ਼ਲੇਸ਼ਣ ਕਰੋ । 8

11. ''ਮੁਸਤਕਿਲ (ਸਥਾਈ) ਬੰਦੋਬਸਤ ਤੋਂ ਪਿੱਛੋਂ ਮੁਢਲੇ ਦਹਾਕਿਆਂ ਵਿਚ ਜਮੀਂਦਾਰ ਰਾਜਸੀ ਕਰ (ਮਸੂਲ) ਦੀ ਮੰਗ ਨੂੰ ਅਦਾ ਕਰਨ ਵਿਚ ਹਮੇਸ਼ਾ ਅਸਫਲ ਰਹੇ ।'' ਇਸ ਕਥਨ ਦੇ ਸੰਦਰਭ ਵਿਚ ਕਾਰਨਾਂ ਦੀ ਪਰਖ ਵਿਸਤਾਰ ਨਾਲ ਕਰੋ । 8

**ਜਾਂ**

ਰਾਜ ਮਹਿਲ ਪਹਾੜੀਆਂ ਦੇ ਪਹਾੜੀ ਲੋਕਾਂ ਦੀ ਉਪਜੀਵਕਾ ਦੇ ਸਰੋਤਾਂ ਦੀ ਪਰਖ ਕਰੋ । ਸੰਥਾਲਾਂ ਦੇ ਆਣ ਤੇ ਉਨ੍ਹਾਂ ਨੇ ਕੀ ਪ੍ਰਤਿਕਿਰਿਆ ਕੀਤੀ ? 4+4=8

12. ਅਲਵਾਰਾਂ ਅਤੇ ਨਯਨਾਰਾਂ ਦੇ ਰਾਜ ਅਤੇ ਸਮਾਜ ਦੇ ਦਰਮਿਆਨ ਸੰਬੰਧਾਂ ਦਾ ਵਰਣਨ ਕਰੋ । ਇਸ ਦੇ ਨਾਲ ਹੀ ਅਲਵਾਰਾਂ ਅਤੇ ਨਯਨਾਰਾਂ ਦਾ ਜਾਤੀਪ੍ਰਥਾ ਦੇ ਪ੍ਰਤੀ ਰਵਈਏ ਦਾ ਵੀ ਵਰਣਨ ਕਰੋ । 8

**ਜਾਂ**

ਗਿਆਰਵੀਂ ਸ਼ਤਾਬਦੀ ਦੇ ਪਿੱਛੋਂ ਭਾਰਤ ਵਿਚ ਸੂਫੀਮਤ ਦੇ ਵਿਕਾਸ ਦਾ ਵਰਣਨ ਕਰੋ । 8

## ਖੰਡ D

## (ਸਰੋਤ ਅਧਾਰਤ ਪ੍ਰਸ਼ਨ) *7×3=21*

**13.** ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

**''ਵੰਡੀ ਹੋਈ ਵਫਾਦਾਰੀ ਦੇ ਲਈ ਕੋਈ ਥਾਂ ਨਹੀਂ''**

ਗੋਵਿੰਦ ਵੱਲਭ ਪੰਤ ਨੇ ਦਲੀਲ ਦਿਤੀ ਕਿ ਵਫਾਦਾਰ ਨਾਗਰਿਕ ਬਣਨ ਦੇ ਲਈ ਲੋਕਾਂ ਨੂੰ ਭਾਈਚਾਰੇ ਅਤੇ ਆਪਣੇ ਆਪਨੂੰ ਦਰਮਿਆਨ ਰਖ ਕੇ ਸੋਚਣ ਦੀ ਆਦਤ ਛਡਣੀ ਪਏਗੀ :

> ਲੋਕਤੰਤਰ ਦੀ ਸਫਲਤਾ ਦੇ ਲਈ ਮਨੁਖ ਨੂੰ ਸਵੈ-ਅਨੁਸਾਸਨ ਦੀ ਕਲਾ ਸਿੱਖਣੀ ਪਏਗੀ । ਲੋਕਤੰਤਰ ਵਿਚ ਇਨਸਾਨ ਨੂੰ ਆਪਣੇ ਲਈ ਘਟ ਅਤੇ ਦੂਜਿਆਂ ਲਈ ਵਧੇਰੇ ਚਿੰਤਾ ਕਰਨੀ ਚਾਹੀਦੀ ਹੈ । ਇਥੇ ਵੰਡੀ ਹੋਈ ਵਫਾਦਾਰੀ ਦੇ ਲਈ ਕੋਈ ਥਾਂ ਨਹੀਂ । ਸਾਰੀ ਵਫਾਦਾਰੀ ਸਿਰਫ ਦੇਸ (ਜਾਂ ਰਾਜ) ਵਲ ਕੇਂਦਰਤ ਹੋਣੀ ਚਾਹੀਦੀ ਹੈ । ਜੇਕਰ ਕਿਸੇ ਲੋਕਤੰਤਰ ਵਿਚ ਤੁਸੀਂ ਪਰਸਪਰ ਵਿਰੋਧੀ ਵਫਾਦਾਰੀਆਂ ਰਖ ਦੇਂਦੇ ਹੋ ਤਾਂ ਅਜੇਹੀ ਵਿਵਸਥਾ ਖੜੀ ਕਰ ਦਿੰਦੇ ਹੋ ਜਿਸ ਵਿਚ ਕੋਈ ਵਿਅਕਤੀ ਜਾਂ ਸਮੂਹ ਆਪਣੀ ਫਜ਼ੂਲ ਖਰਚੀ ਉਪਰ ਜ਼ਾਬਤਾ ਰਖਣ ਦੇ ਥਾਂ ਵੱਡੇ ਜਾਂ ਦੂਸਰੇ ਹਿਤਾਂ ਦੀ ਬਿਲਕੁਲ ਪਰਵਾਹ ਨਹੀਂ ਕਰਦਾ ਤਾਂ ਇਸ ਤਰਾਂ ਲੋਕਤੰਤਰ ਦਾ ਡੁਬਣਾ ਯਕੀਨੀ ਹੈ ।

(13.1) ਕਿਸੇ ਵਫਾਦਾਰ ਸ਼ਹਿਰੀ (ਨਾਗਰਿਕ) ਦੇ ਪ੍ਰਮੁਖ ਗੁਣ ਕੀ ਹਨ ? *2*

(13.2) ਲੋਕਤੰਤਰ ਦੀ ਸਫਲਤਾ ਦੇ ਲਈ ਨਾਗਰਿਕਾਂ ਨੂੰ ਕੀ ਕਰਨਾ ਚਾਹੀਦਾ ਹੈ ? *2*

(13.3) ਜੇਕਰ ਨਾਗਰਿਕਾਂ ਦੀਆਂ ਵਫਾਦਾਰੀਆਂ ਵੰਡੀਆਂ ਹੋਣ ਤਾਂ ਰਾਜ (ਦੇਸ਼) ਅਤੇ ਲੋਕਤੰਤਰ ਦਾ ਕੀ ਹਾਲ ਹੋਵੇਗਾ ? *3*

**ਜਾਂ**

ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

**''ਮੈਂ ਸਮਝਦਾ ਹਾਂ ਕਿ ਵਖਰੇ ਚੋਣ ਹਲਕੇ ਘਟਗਿਣਤੀਆਂ ਦੇ ਲਈ ਆਤਮਘਾਤੀ ਸਿੱਧ ਹੋਣਗੇ''**

27 ਅਗਸਤ 1947 ਨੂੰ ਸੰਵਿਧਾਨ ਸਭਾ ਦੀ ਬਹਿਸ ਵਿਚ ਗੋਵਿੰਦ ਬਲੱਭ ਪੰਤ ਨੇ ਕਿਹਾ ਸੀ :

> ਮੈਂ ਸਮਝਦਾ ਹਾਂ ਕਿ ਵਖਰੇ ਚੋਣ ਹਲਕੇ ਘਟ ਗਿਣਤੀਆਂ ਦੇ ਲਈ ਆਤਮਘਾਤੀ ਸਿੱਧ ਹੋਣਗੇ ਅਤੇ ਉਨ੍ਹਾਂ ਨੂੰ ਭਾਰੀ ਨੁਕਸਾਨ ਹੋਏਗਾ । ਜੇਕਰ ਉਨ੍ਹਾਂ ਨੂੰ ਹਮੇਸ਼ਾਂ ਦੇ ਲਈ ਅਲਗ ਥਲਗ ਕਰ ਦਿਤਾ ਗਿਆ ਤਾਂ ਉਹ ਕਦੇ ਵੀ ਬਹੁ ਗਿਣਤੀ ਦੇ ਰੂਪ ਵਿਚ ਨਹੀਂ ਆ ਸਕਣਗੇ । ਨਿਰਾਸ਼ਾ ਦਾ ਭਾਵ ਸ਼ੁਰੂ ਤੋਂ ਹੀ ਉਨ੍ਹਾਂ ਨੂੰ ਨਿਰਬਲ ਕਰ ਦੇਵੇਗਾ । ਤੁਸੀਂ ਕੀ ਚਾਹੁੰਦੇ ਹੋ ਅਤੇ ਸਾਡਾ ਆਖਰੀ ਟੀਚਾ ਕੀ ਹੈ ? ਕੀ ਘਟ ਗਿਣਤੀ ਹਮੇਸ਼ਾਂ ਦੀ ਘਟ ਗਿਣਤੀਆਂ ਦੀ ਤਰਾਂ ਰਹਿਣਾ ਚਾਹੁੰਦੇ ਹਨ ਜਾਂ ਉਹ ਵੀ ਇਕ ਦਿਨ ਇਕ ਮਹਾਨ ਰਾਸ਼ਟਰ ਦਾ ਅਨਿਖੜਵਾਂ ਅੰਗ ਬਣਨ ਅਤੇ ਉਸ ਦੀ ਤਕਦੀਰ ਦਾ ਨਿਰਧਾਰਣ ਅਤੇ ਨਿਯੰਤਰਨ ਕਰਨ ਦਾ ਸੁਫਨਾ ਦੇਖਦੇ ਹਨ ? ਮੇਰਾ ਵਿਚਾਰ ਹੈ ਕਿ ਜੇਕਰ ਉਨ੍ਹਾਂ ਨੂੰ ਬਾਕੀ ਭਾਈਚਾਰੇ ਤੋਂ ਵਖ ਰਖਿਆ ਜਾਂਦਾ ਹੈ ਅਤੇ ਅਜੇਹੇ ਹਵਾਬੰਦ ਕਮਰੇ ਵਿਚ ਅਲਗ ਥਲਗ ਕਰਕੇ ਰਖਿਆ ਜਾਂਦਾ ਹੈ ਜਿੱਥੇ ਉਨ੍ਹਾਂ ਨੂੰ ਹਵਾ ਦੇ ਲਈ ਵੀ ਹੋਰਾਂ ਉਪਰ ਨਿਰਭਰ ਰਹਿਣਾ ਪਏਗਾ ਤਾਂ ਇਹ ਉਨ੍ਹਾਂ ਦੇ ਲਈ ਬਹੁਤ ਜਿਆਦਾ ਖਤਰਨਾਕ ਹੋਵੇਗਾ ... । ਜੇਕਰ ਘਟ ਗਿਣਤੀ ਵਖਰੇ ਚੋਣ ਹਲਕਿਆਂ ਤੋਂ ਜਿਤ ਕੇ ਆਂਦੇ ਰਹੇ ਤਾਂ ਅਸਰਦਾਰ ਹਿੱਸਾ ਨਹੀਂ ਪਾ ਸਕਣਗੇ ।

(13.1) ਕੁਝ ਨੇਤਾਵਾਂ ਨੇ ਇਹ ਕਿਉਂ ਸੋਚਿਆ ਕਿ ਘਟ ਗਿਣਤੀਆਂ ਦੇ ਲਈ ਵਖਰੇ ਚੋਣ ਹਲਕੇ ਹੋਣੇ ਚਾਹੀਦੇ ਹਨ ? *2*

(13.2) ਕੁਝ ਰਾਸ਼ਟਰਵਾਦੀ ਵਖਰੇ ਚੋਣ ਹਲਕਿਆਂ ਦੀ ਮੰਗ ਦਾ ਵਿਰੋਧ ਕਿਉਂ ਕਰ ਰਹੇ ਸਨ ? *2*

(13.3) ਗੋਬਿੰਦ ਵੱਲਭ ਪੰਤ ਵਖਰੇ ਚੋਣ ਹਲਕਿਆਂ ਨੂੰ ਨੁਕਸਾਨ ਦਾਇਕ ਕਿਉਂ ਸਮਝਦੇ ਸਨ ? *3*

**14.** ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

## ਵਿਹਾਰ ਵਿਚ ਬੁੱਧ ਧਰਮ

*ਸੁੱਤ ਪਿਟਕ* ਵਿਚੋਂ ਲਏ ਗਏ ਇਸ ਪੈਰੇ ਵਿਚ ਬੁੱਧ ਸਿਗਲ ਨਾਮ ਦੇ ਇਕ ਅਮੀਰ ਘਰਵਾਲੇ ਨੂੰ ਸਲਾਹ ਦੇ ਰਹੇ ਹਨ :

> ਮਾਲਕ ਨੂੰ ਆਪਣੇ ਨੌਕਰਾਂ ਅਤੇ ਕਰਮਚਾਰੀਆਂ ਦੀ ਪੰਜ ਤਰ੍ਹਾਂ ਦੇਖਭਾਲ ਕਰਨੀ ਚਾਹੀਦੀ ਹੈ... ਉਨ੍ਹਾਂ ਦੀ ਤਾਕਤ ਦੇ ਅਨੁਸਾਰ ਕੰਮ ਦੇ ਕੇ, ਉਨ੍ਹਾਂ ਨੂੰ ਭੋਜਨ ਅਤੇ ਮਜ਼ਦੂਰੀ ਦੇ ਕੇ, ਬੀਮਾਰ ਪੈਣ ਤੇ ਉਨ੍ਹਾਂ ਦੀ ਤੀਮਾਰਦਾਰੀ ਕਰਕੇ, ਉਨ੍ਹਾਂ ਦੇ ਨਾਲ ਸਵਾਦੀ ਖਾਣੇ ਵੰਡ ਕੇ ਅਤੇ ਸਮੇਂ ਸਮੇਂ ਤੇ ਛੁੱਟੀ ਦੇ ਕੇ...
>
> ਕਬੀਲੇ ਦੇ ਲੋਕਾਂ ਨੂੰ ਪੰਜ ਤਰਾਂ ਨਾਲ *ਸਰਮਣਾਂ* (ਜਿਨ੍ਹਾਂ ਸੰਸਾਰਕ ਜੀਵਨ–ਘਰ ਬਾਰ ਤਿਆਗਿਆ ਹੋਵੇ) ਅਤੇ ਬ੍ਰਾਹਮਣਾ ਦੀ ਦੇਖਭਾਲ ਕਰਨੀ ਚਾਹੀਦੀ ਹੈ... ਕਰਮ, ਵਚਨ ਅਤੇ ਮਨ ਵਿਚ ਪ੍ਰੇਮ ਰਾਹੀਂ, ਉਨ੍ਹਾਂ ਨੂੰ ਜੀ ਆਇਆਂ ਕਹਿਣ ਦੇ ਲਈ ਹਮੇਸ਼ਾਂ ਘਰ ਖੁਲ੍ਹੇ ਰਖਕੇ ਅਤੇ ਉਨ੍ਹਾਂ ਦੀਆਂ ਦਿਨ ਪ੍ਰਤਿਦਿਨ ਦੀਆਂ ਜ਼ਰੂਰਤਾਂ ਪੂਰੀਆਂ ਕਰਕੇ ।
>
> ਸਿਗਲ ਨੂੰ ਮਾਤਾ ਪਿਤਾ, ਅਧਿਆਪਕ ਅਤੇ ਪਤਨੀ ਦੇ ਨਾਲ ਵਿਹਾਰ ਦੇ ਲਈ ਵੀ ਅਜੇਹੇ ਹੀ ਉਪਦੇਸ਼ ਦਿੱਤੇ ਗਏ ਹਨ ।

(14.1) ਬੁੱਧ ਨੇ ਆਚਰਣ ਅਤੇ ਮੁੱਲਾਂ ਨੂੰ ਕਿਵੇਂ ਮਹਤੱਵ ਦਿਤਾ ? *3*

(14.2) ਵਿਅਕਤੀਗਤ ਪ੍ਰਯਾਸ ਵਿਚ ਸਮਾਜਿਕ ਸੰਬੰਧਾਂ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ ? *2*

(14.3) ਸਿਗਲ ਨੂੰ ਸਰਮਣਾਂ ਦੇ ਲਈ ਬੁੱਧ ਰਾਹੀਂ ਦਿਤੀ ਸਲਾਹ ਦਾ ਵਿਸ਼ਲੇਸ਼ਣ ਕਰੋ । *2*

**15.** ਹੇਠ ਲਿੱਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿਤੇ ਪ੍ਰਸ਼ਨਾਂ ਦੇ ਉੱਤਰ ਲਿੱਖੋ :

**ਨਕਦ ਜਾਂ ਜਿਨਸ ?**

*ਆਇਨ* ਤੋਂ ਇਕ ਹੋਰ ਪੈਰਾ ਹੈ :

*ਅਮੀਲ-ਗੁਜ਼ਾਰ* ਸਿਰਫ ਨਕਦ ਲੈਣ ਦੀ ਆਦਤ ਨਾ ਪਾਏ ਬਲਕਿ ਫਸਲ ਵੀ ਲੈਣ ਲਈ ਤਿਆਰ ਰਹੇ । ਇਹ ਬਾਦ ਵਾਲਾ ਤਰੀਕਾ ਕਈ ਤਰ੍ਹਾਂ ਨਾਲ ਵਰਤੋਂ ਵਿਚ ਲਿਆਇਆ ਜਾ ਸਕਦਾ ਹੈ । ਪਹਿਲਾ, *ਕਣਕੁਤ:* ਹਿੰਦੀ ਜ਼ੁਬਾਨ ਵਿਚ *ਕਣ* ਦਾ ਮਤਲਬ ਹੈ, ਅਨਾਜ ਅਤੇ *ਕੁਤ* ਦਾ ਮਤਲਬ ਹੈ ਅੰਦਾਜ਼ਾ ... ਜੇਕਰ ਕੋਈ ਸ਼ਕ ਹੋਵੇ, ਤਾਂ ਫਸਲ ਨੂੰ ਤਿੰਨ ਵੱਖੋ ਵੱਖ ਢੇਰੀਆਂ ਵਿਚ ਕਟਣਾ ਚਾਹੀਦਾ ਹੈ – ਬਹੁਤ ਵਧੀਆ, ਵਿਚਲੇ ਮੇਲ ਦੀ ਅਤੇ ਘਟੀਆਂ, ਅਤੇ ਇਸ ਤਰਾਂ ਸ਼ਕ ਦੂਰ ਕਰਨਾ ਚਾਹੀਦਾ ਹੈ । ਅਕਸਰ ਅੰਦਾਜ਼ੇ ਨਾਲ ਕੀਤਾ ਗਿਆ ਜਮੀਨ ਦਾ ਮੁੱਲ ਨਿਰਧਾਰਨ ਵੀ ਕਾਫੀ ਹਦ ਤਕ ਸਹੀ ਨਤੀਜਾ ਦਿੰਦਾ ਹੈ । ਦੂਸਰਾ, *ਬਟਾਈ*, ਜਿਸਨੂੰ *ਭਾਓਲੀ* ਵੀ ਕਹਿੰਦੇ ਹਨ, ਇਸ ਵਿਧੀ ਵਿਚ ਫਸਲ ਕਟ ਕੇ ਜਮਾਂ ਕਰ ਲਈ ਜਾਂਦੀ ਹੈ, ਅਤੇ ਫਿਰ ਸਾਰੇ ਪੱਖਾ ਦੀ ਮੌਜੂਦਗੀ ਵਿਚ ਇਹ ਰਜ਼ਾਮੰਦੀ ਨਾਲ ਵੰਡ ਕਰਦੇ ਹਨ । ਇਸ ਵਿਚ ਕਈ ਸਮਝਦਾਰ ਨਿਰੀਖਕਾਂ ਦੀ ਲੋੜ ਹੁੰਦੀ ਹੈ, ਨਹੀਂ ਤਾਂ ਭੈੜੀ ਸੋਚ ਵਾਲੇ ਚਲਾਕ ਲੋਕ ਧੋਖੇਬਾਜ਼ੀ ਦੀ ਨੀਯਤ ਰਖਦੇ ਹਨ । ਤੀਸਰੇ, *ਖੇਤ ਬਟਾਈ*, ਜਦੋਂ ਉਹ ਬੀਜ ਬੋਣ ਤੋਂ ਪਿਛੋਂ ਖੇਤ ਵੰਡ ਲੈਂਦੇ ਹਨ । ਚੌਥੇ, ਲੌਂਗ ਬਟਾਈ ਫਸਲ ਕਟਣ ਤੋਂ ਬਾਦ, ਉਹ ਉਸਦੇ ਢੇਰ ਲਗਾ ਲੈਂਦੇ ਹਨ ਅਤੇ ਫਿਰ ਉਸਨੂੰ ਆਪੋ ਵਿਚ ਵੰਡ ਲੈਂਦੇ ਹਨ, ਅਤੇ ਹਰ ਇਕ (ਪੱਖ) ਆਪਣਾ ਹਿੱਸਾ ਘਰ ਲੈ ਜਾਂਦਾ ਹੈ ਅਤੇ ਉਸ ਤੋਂ ਮੁਨਾਫਾ (ਲਾਭ) ਕਮਾਂਦਾ ਹੈ ।

(15.1) 'ਕਣਕੁਤ:' ਸ਼ਬਦ ਦੀ ਪਰਖ ਕਰੋ । *2*

(15.2) 'ਖੇਤ ਬਟਾਈ' ਦੀ ਮਸੂਲ ਵਸੂਲੀ ਕਰਨ ਦੀ ਪ੍ਰਣਾਲੀ ਦੇ ਰੂਪ ਵਿਚ ਵਿਆਖਿਆ ਕਰੋ । *2*

(15.3) ਅਮੀਲ-ਗੁਜ਼ਾਰ ਦੀ ਭੂਮਿਕਾ ਦੀ ਪਰਖ ਕਰੋ । *3*

## ਖੰਡ E

**(ਮਾਨ ਚਿੱਤਰ ਸੰਬੰਧੀ ਪ੍ਰਸ਼ਨ)** *2+3=5*

**16.** (16.1) **ਭਾਰਤ** ਦੇ ਦਿੱਤੇ ਹੋਏ ਰਾਜਨੀਤਕ ਰੇਖਾ-ਮਾਨਚਿੱਤਰ (ਪੰਨਾ 11 ਤੇ) ਵਿਚ ਹੇਠ ਲਿਖਿਆਂ ਨੂੰ ਢੁਕਵੇਂ ਚਿਨ੍ਹਾਂ ਨਾਲ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *1×2=2*

(a) ਕਲਕੱਤਾ – 1857 ਦੇ ਵਿਦਰੋਹ ਦਾ ਇਕ ਕੇਂਦਰ ।

**ਜਾਂ**

ਸੂਰਤ – 1857 ਵਿਚ ਬ੍ਰਿਟਿਸ਼ ਦੇ ਅਧੀਨ ਇਕ ਥਾਂ ।

(b) ਪਾਨੀਪਤ – ਮੁਗਲ ਸਾਮਰਾਜ ਦੇ ਅਧੀਨ ਖੇਤਰ

**ਜਾਂ**

ਵਿਜੈਨਗਰ

(16.2) **ਭਾਰਤ** ਦੇ ਦਿੱਤੇ ਗਏ ਇਸ ਹੀ ਰਾਜਨੀਤਕ ਰੇਖਾ-ਮਾਨਚਿੱਤਰ ਉਪਰ ਅਸ਼ੋਕ ਦੇ ਸ਼ਿਲਾਲੇਖਾ ਨਾਲ ਸੰਬੰਧਤ ਤਿੰਨ ਥਾਵਾਂ ਨੂੰ A, B ਅਤੇ C ਤੋਂ ਅੰਕਿਤ ਕੀਤਾ ਗਿਆ ਹੈ । ਉਨ੍ਹਾਂ ਨੂੰ ਪਛਾਣੋ ਅਤੇ ਉਨ੍ਹਾਂ ਦੇ ਸਹੀ ਨਾਮ ਉਨ੍ਹਾਂ ਦੇ ਕੋਲ ਲਗਾਈਆਂ ਰੇਖਾਵਾਂ ਉੱਪਰ ਲਿੱਖੋ । *1×3=3*

**ਨੋਟ:** *ਹੇਠ ਲਿਖੇ ਪ੍ਰਸ਼ਨ ਕੇਵਲ **ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ** ਦੇ ਲਈ ਪ੍ਰਸ਼ਨ ਸੰਖਿਆ 16 ਦੇ ਥਾਂ ਤੇ ਬਦਲਵੇ ਪ੍ਰਸ਼ਨ ਹਨ :*

(16.1) ਮੁਗਲ ਸਾਮਰਾਜ ਦੇ ਅਧੀਨ ਕਿਸੇ ਇਕ ਖੇਤਰ ਦਾ ਨਾਮ ਲਿੱਖੋ ।

(16.2) 1857 ਦੇ ਵਿਦਰੋਹ ਦੇ ਕਿਸੇ ਇਕ ਕੇਂਦਰ ਦਾ ਬਿਓਰਾ ਦਿਓ ।

(16.3) ਅਸ਼ੋਕ ਦੇ ਸ਼ਿਲਾਲੇਖਾਂ ਨਾਲ ਸੰਬੰਧਤ ਕਿਸੇ ਤਿੰਨ ਥਾਵਾਂ ਦੇ ਨਾਮ ਲਿੱਖੋ । *1+1+3=5*

**ਜਾਂ**

ਕਿਸੇ ਤਿੰਨ ਬੋਧ ਥਾਵਾਂ ਦੇ ਨਾਮ ਲਿੱਖੋ । *1×3=3*

ਪ੍ਰਸ਼ਨ ਸੰ. 16.1 ਅਤੇ 16.2 ਦੇ ਲਈ

## ਭਾਰਤ ਦਾ ਰੇਖਾ–ਮਾਨਚਿੱਤਰ (ਰਾਜਨੀਤਕ)

## Outline Map of India (Political)

